੧ੳ ਵਾਹਿਗੁਰੂ ਜੀ ਕੀ ਫ਼ਤਹ ॥

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

ਵਲੋਂ

ਪ੍ਰਕਾਸ਼ਤ ਕੀਤੀ ਗਈ

ਪਹਿਲੀ ਜਮਾਤ ਦੇ ਬੱਚਿਆਂ ਲਈ

# ਧਰਮ ਪੋਥੀ ਨੰਬਰ ੧


ਲੇਖਕ :- ਪ੍ਰੋ: ਕਰਤਾਰ ਸਿੰਘ ਐਮ. ਏ.



ਪ੍ਰਕਾਸ਼ਕ :-

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

ਸ੍ਰੀ ਅੰਮ੍ਰਿਤਸਰ ।


-੨) ਰੁਪੈ


Sri Satguru Jagjit Singh Ji eLibrary NamdhariElibrary@gmail.com

www.archive.org/details/namdhari

ੴ ਸਤਿਗੁਰ ਪ੍ਰਸਾਦਿ ॥

# ੧. ਗੁਰੂ ਤੇ ਸਿੱਖ

**ਮਾਸਟਰ-** ਬੱਚਿਓ ! ਦੱਸੋ, ਭਲਾ ਗੁਰੂ ਨਾਨਕ ਦੇਵ ਜੀ ਕੌਣ ਸਨ ?

**ਇਕ ਬਾਲ-** ਜੀ ! 'ਗੁਰੂ' ਨਾਨਕ ਦੇਵ ਜੀ ਨੂੰ ਭਲਾ ਕੌਣ ਨਹੀਂ ਜਾਣਦਾ ? ਉਹ ਸਿੱਖਾਂ ਦੇ ਪਹਿਲੇ ਗੁਰੂ ਹੋਏ ਹਨ ।

**ਦੂਜਾ ਬਾਲ-** ਜੀ !'ਗੁਰੂ' ਕਿਸ ਨੂੰ ਆਖਦੇ ਹਨ ਤੇ 'ਸਿੱਖ' ਕਿਸ ਨੂੰ ?

**ਮਾਸਟਰ-** ਆਮ ਤੌਰ 'ਤੇ ਸਿੱਖਿਆ ਜਾਂ ਮੱਤ ਦੇਣ ਵਾਲੇ ਹਰੇਕ ਨੂੰ ਗੁਰੂ ਆਖੀਦਾ ਹੈ ਪਰ ਸਾਡੇ ਧਰਮ ਵਿੱਚ 'ਗੁਰੂ' ਉਸ ਨੂੰ ਕਹਿੰਦੇ ਹਨ, ਜਿਹੜਾ ਧਰਮ ਦੇ ਰਾਹ ਉਤੇ ਚੱਲਣ ਦੀ ਜਾਚ ਦੱਸੇ, ਜਿਹੜਾ ਰੱਬ ਦੀ ਭਗਤੀ ਕਰਨ ਦਾ ਵੱਲ ਸਿਖਾਵੇ । 'ਸਿੱਖ' ਉਹ ਹੁੰਦਾ ਹੈ, ਜਿਹੜਾ ਗੁਰੂ ਤੋਂ ਸਿੱਖਿਆ ਲਵੇ । ਸਾਡੇ ਧਰਮ ਵਿਚ ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ

ਸਾਹਿਬ ਤਕ) ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਤੇ ਸਿੱਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ। ਪਰ ਬੱਚਿਓ! ਇਕ ਗੱਲ ਮੈਂ ਵੀ ਪੁੱਛਾਂ?

**ਬਹੁਤ ਸਾਰੇ ਬਾਲ**- ਪੁੱਛੋ ਜੀ! ਜ਼ਰੂਰ ਪੁੱਛੋ।

**ਮਾਸਟਰ**- ਦੱਸੋ ਭਲਾ, ਸਿੱਖ ਦੀ ਪਛਾਣ ਕੀ ਹੁੰਦੀ ਹੈ? ਕਿਸੇ ਨੂੰ ਵੇਖ ਕੇ ਕਿਵੇਂ ਬੁੱਝੋਗੇ ਕਿ ਉਹ ਸਿੱਖ ਹੈ ਜਾਂ ਹੋਰ ਕੋਈ।

**ਬਾਲ**- ਜੀ, ਇਹ ਵੀ ਕੋਈ ਲੁਕੀ-ਛੁਪੀ ਗੱਲ ਹੈ? ਹਰ ਕੋਈ ਜਾਣਦਾ ਹੈ ਕਿ ਸਿੱਖ ਦੇ ਸਿਰ ਉਤੇ ਕੇਸ ਹੁੰਦੇ ਹਨ ਤੇ ਮੂੰਹ ਉਤੇ ਦਾੜ੍ਹੀ। ਬੱਸ, ਇਹੋ ਹੀ ਸਿੱਖ ਦੀ ਪਛਾਣ ਹੁੰਦੀ ਹੈ।

**ਮਾਸਟਰ**- ਹਾਂ ਭਾਈ! ਗੱਲ ਤਾਂ ਠੀਕ ਆਖੀ ਜੇ। ਪਰ, ਕੇਸਾਂ ਤੇ ਦਾੜ੍ਹੀ ਤੋਂ ਬਿਨਾਂ ਹੋਰ ਵੀ ਤਾਂ ਨਿਸ਼ਾਨੀਆਂ ਹੁੰਦੀਆਂ ਹਨ, ਸਿੱਖਾਂ ਨੂੰ ਪਛਾਣਨ ਦੀਆਂ। ਭਲਾ ਕਿਹੜੀਆਂ?

ਜੀ! ਉਹ ਕੇਸਾਂ ਵਿਚ ਕੰਘਾ ਰੱਖਦੇ ਹਨ।

ਜੀ! ਉਹ ਹੱਥ ਵਿਚ ਲੋਹੇ ਦਾ ਕੜਾ ਪਾਉਂਦੇ ਹਨ।

ਜੀ! ਉਹ ਤੇੜ ਕਛਹਿਰਾ ਪਾਉਂਦੇ ਹਨ।

ਜੀ ! ਉਹ ਕ੍ਰਿਪਾਨ ਵੀ ਪਾਉਂਦੇ ਹਨ।

**ਮਾਸਟਰ**- ਸਾਬਾਸ਼, ਤੁਸੀਂ ਬੜੇ ਸਿਆਣੇ ਹੋ। ਤਾਂ ਫੇਰ ਸਿੱਖ ਨੂੰ ਪਛਾਣਨ ਦੀਆਂ ਪੰਜ ਨਿਸ਼ਾਨੀਆਂ ਹੋਈਆਂ–

੧) ਕੇਸ, ਦਾਹੜੀ।

੨) ਕੰਘਾ।

੩) ਕੜਾ।

੪) ਕਛਹਿਰਾ ਤੇ

੫) ਕ੍ਰਿਪਾਨ।

ਇਨ੍ਹਾਂ ਪੰਜਾਂ ਚੀਜ਼ਾਂ ਦੇ ਮੁੱਢ ਵਿਚ ਅੱਖਰ 'ਕ' ਲੱਗਦਾ ਹੈ। ਇਸ ਲਈ ਇਨ੍ਹਾਂ ਨੂੰ ਰਲਾ ਕੇ 'ਪੰਜ ਕੱਕੇ' ਜਾਂ 'ਪੰਜ ਕਕਾਰ' ਆਖਦੇ ਹਨ। ਹਰੇਕ ਸਿੱਖ ਪਾਸ ਇਹ ਕੱਕੇ ਹੋਣੇ ਅਤੀ ਜ਼ਰੂਰੀ ਹਨ।

**ਬਾਲ**- ਜੀ, ਇਕ ਗੱਲ ਹੋਰ ਦੱਸਣੀ। ਗੁਰੂ ਸਾਹਿਬ ਕਿੰਨੇ ਤੇ ਕਿਹੜੇ-੨ ਹੋਏ ਹਨ ?

**ਮਾਸਟਰ**- ਗੁਰੂ ਸਾਹਿਬ ਦਸ ਹੋਏ ਹਨ। ਸਿੱਖ ਆਪਣੇ ਗੁਰੂ ਸਾਹਿਬਾਂ ਨੂੰ 'ਪਾਤਸ਼ਾਹੀਆਂ' ਵੀ ਆਖਦੇ ਹਨ। ਦਸਾਂ ਗੁਰੂ ਸਾਹਿਬਾਂ ਦੇ ਨਾਮ ਇਉਂ ਹਨ :-

ਪਹਿਲੀ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ।
ਦੂਜੀ ਪਾਤਿਸ਼ਾਹੀ ਸ੍ਰੀ ਗੁਰੂ ਅੰਗਦ ਦੇਵ ਜੀ।
ਤੀਜੀ ਪਾਤਿਸ਼ਾਹੀ ਸ੍ਰੀ ਗੁਰੂ ਅਮਰਦਾਸ ਜੀ।
ਚੌਥੀ ਪਾਤਿਸ਼ਾਹੀ ਸ੍ਰੀ ਗੁਰੂ ਰਾਮਦਾਸ ਜੀ।

Sri Satguru Jagjit Singh Ji eLibrary NamdhariElibrary@gmail.com

ਪੰਜਵੀਂ ਪਾਤਿਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ।
ਛੇਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਗੋਬਿੰਦ ਜੀ।
ਸੱਤਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਰਾਇ ਜੀ।
ਅੱਠਵੀਂ ਪਾਤਿਸ਼ਾਹੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ।
ਨੌਵੀਂ ਪਾਤਿਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ।
ਦਸਵੀਂ ਪਾਤਿਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

**ਬਾਲ-** ਜੀ! ਇਹ ਦਸੇ ਪਾਤਿਸ਼ਾਹੀਆਂ ਤਾਂ ਰੱਬ ਪਾਸ ਵਾਪਸ ਜਾ ਚੁੱਕੀਆਂ ਹਨ। ਸਿੱਖਾਂ ਦੇ ਪਾਸ ਹੁਣ ਕਿਹੜਾ ਗੁਰੂ ਹੈ ?

**ਮਾਸਟਰ-** ਹੁਣ ਸਿੱਖਾਂ ਦੇ 'ਗੁਰੂ' 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਹਨ। ਇਨ੍ਹਾਂ ਨੂੰ ਦਸ ਪਾਤਿਸ਼ਾਹੀਆਂ, ਦੀ ਜੋਤਿ ਜਾਂ ਦੱਸ ਪਾਤਿਸ਼ਾਹੀਆਂ ਦਾ ਸਰੂਪ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਹੁਕਮ ਕੀਤਾ ਸੀ : 'ਸਾਡੇ ਮਗਰੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਆਪਣਾ 'ਗੁਰੂ' ਮੰਨਣਾ। ਸਿੱਖ ਇਉਂ ਹੀ ਕਰਦੇ ਹਨ।

## ਪ੍ਰਸ਼ਨ

੧) 'ਗੁਰੂ' ਕਿਸ ਨੂੰ ਆਖਦੇ ਹਨ ਤੇ ਸਿੱਖ ਕਿਸ ਨੂੰ ?
੨) ਸਿੱਖੀ ਦੀਆਂ ਕੀ ਕੀ ਨਿਸ਼ਾਨੀਆਂ ਹਨ ?
੩) ਸਿੱਖਾਂ ਦੇ ਗੁਰੂ ਸਾਹਿਬਾਂ ਦੇ ਨਾਂ ਕੰਠ ਕਰੋ ਤੇ ਦੱਸੋ ?
੪) ਸਿੱਖਾਂ ਦਾ ਹੁਣ ਗੁਰੂ ਕੌਣ ਹੈ ?

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੨. ਗੁਰੂ ਨਾਨਕ ਦੇਵ ਜੀ ਦੀ ਬਾਲ-ਲੀਲ੍ਹਾ

**ਬਾਲ**- ਮਾਸਟਰ ਜੀ ! ਅੱਜ ਸਾਨੂੰ ਗੁਰੂ ਨਾਨਕ ਦੇਵ ਜੀ ਬਾਰੇ ਕੁਝ ਦੱਸੋ, ਉਨ੍ਹਾਂ ਦਾ ਜਨਮ ਕਿਥੇ ਹੋਇਆ ਤੇ ਕਦੋਂ ਹੋਇਆ ?

**ਮਾਸਟਰ**- ਗੁਰੂ ਨਾਨਕ ਦੇਵ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਚ ਹੋਇਆ । ਉਹ ਥਾਂ ਹੁਣ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਹੈ । ਮਗਰੋਂ ਉਸ ਨਗਰ ਦਾ ਨਾਂ ਸ੍ਰੀ ਨਨਕਾਣਾ ਸਾਹਿਬ ਪੈ ਗਿਆ। ਗੁਰੂ ਜੀ ਦਾ ਜਨਮ ੨੦ ਵੈਸਾਖ ਸੰਮਤ ੧੫੨੬ ਨੂੰ ਹੋਇਆ।

**ਬਾਲ**- ਹੈਂ ਜੀ ! ੨੦ ਵੈਸਾਖ ਨੂੰ ? ਪਰ ਉਨ੍ਹਾਂ ਦਾ ਜਨਮ ਦਿਨ ਮਨਾਇਆ ਤਾਂ ਕੱਤਕ ਦੀ ਪੂਰਨਮਾਸ਼ੀ ਨੂੰ ਜਾਂਦਾ ਹੈ । ਇਹ ਕਿਉਂ ?

**ਮਾਸਟਰ**- ਗੱਲ ਇਉਂ ਹੀ ਹੈ ? ਬੱਚਿਓ ਚੋਖੇ ਚਿਰ ਤੋਂ ਉਨ੍ਹਾਂ ਦਾ ਜਨਮ ਦਿਨ ਕੱਤੇ ਦੀ ਪੁੰਨਿਆਂ ਨੂੰ ਮਨਾਇਆ ਜਾਂਦਾ ਹੈ। ਇਹ ਕਿਉਂ ਹੋਇਆ ? ਇਹ ਗੱਲ ਫੇਰ ਕਦੇ

ਦੱਸਾਂਗੇ।

ਬਾਲ- ਗੁਰੂ ਜੀ ਦੇ ਮਾਤਾ ਪਿਤਾ ਦਾ ਨਾਂ ਕੀ ਸੀ ? ਉਨ੍ਹਾਂ ਦੀ ਕੋਈ ਭੈਣ ਜਾਂ ਭਰਾ ਵੀ ਸੀ ?

ਮਾਸਟਰ- ਉਨ੍ਹਾਂ ਦੇ ਪਿਤਾ ਦਾ ਨਾਂ ਮਹਿਤਾ ਕਲਿਆਨ ਦਾਸ ਸੀ, ਪਰ ਆਮ ਕਰ ਕੇ ਉਨ੍ਹਾਂ ਨੂੰ ਮਹਿਤਾ ਕਾਲੂ ਹੀ ਸੱਦਿਆ ਜਾਂਦਾ ਸੀ। ਗੁਰੂ ਜੀ ਦੀ ਮਾਤਾ ਦਾ ਨਾਂ ਮਾਤਾ ਤ੍ਰਿਪਤਾ ਜੀ ਸੀ। ਗੁਰੂ ਜੀ ਦਾ ਭਰਾ ਕੋਈ ਨਹੀਂ ਸੀ। ਉਨ੍ਹਾਂ ਦੀ ਇਕ ਭੈਣ ਸੀ, ਉਹ ਉਨ੍ਹਾਂ ਨਾਲੋਂ ਉਮਰ ਵਿਚ ਵੱਡੀ ਸੀ। ਉਸ ਦਾ ਨਾਂ ਬੇਬੇ ਨਾਨਕੀ ਜੀ ਸੀ।

ਬਾਲ- ਜੀ, ਗੁਰੂ ਜੀ ਦੀ ਬਾਲ-ਉਮਰ ਦੀ ਕੋਈ ਗੱਲ ਸੁਣਾਓ ?

ਮਾਸਟਰ- ਉਨ੍ਹਾਂ ਦੀ ਬਾਲ-ਉਮਰ ਦੀਆਂ ਗੱਲਾਂ ਬੜੀਆਂ ਅਸਚਰਜ ਸਨ। ਉਨ੍ਹਾਂ ਨੂੰ ਗੁਰੂ ਜੀ ਦੀ ਬਾਲ-ਲੀਲ੍ਹਾ ਆਖਦੇ ਹਨ।

ਬਾਲ- ਚੰਗਾ, ਫੇਰ ਸਾਨੂੰ ਗੁਰੂ ਜੀ ਦੀ ਬਾਲ-ਲੀਲ੍ਹਾ ਦਾ ਹਾਲ ਦੱਸੋ ?

ਮਾਸਟਰ- ਜਦ ਗੁਰੂ ਜੀ ਤੁਹਾਡੇ ਵਾਂਗ ਅਜੇ ਬਾਲ

ਹੀ ਸਨ, ਉਨ੍ਹਾਂ ਨੂੰ ਪਹਿਲਾਂ ਪਾਂਧੇ ਪਾਸ ਤੇ ਫਿਰ ਮੁੱਲਾਂ ਪਾਸ ਪੜ੍ਹਨੇ ਪਾਇਆ ਗਿਆ। ਉਹ ਪੜ੍ਹਾਈ ਵਿਚ ਬਹੁਤ ਹੀ ਹੁਸ਼ਿਆਰ ਨਿਕਲੇ। ਉਸਤਾਦ ਜੋ ਕੁਝ ਪੜ੍ਹਾ ਸਕਦੇ ਸਨ, ਉਹ ਸਾਰਾ ਕੁਝ ਗੁਰੂ ਜੀ ਨੇ ਬਹੁਤ ਛੇਤੀ ਸਿੱਖ ਲਿਆ। ਫੇਰ ਉਹ ਪੜ੍ਹਨੋਂ ਹਟ ਗਏ। ਉਹ ਹੋਰ ਗੱਲਾਂ ਵਿਚ ਵੀ ਆਮ ਬਾਲਾਂ ਵਰਗੇ ਬਾਲ ਨਹੀਂ ਸਨ। ਉਹ ਹਰ ਵੇਲੇ ਰੱਬ ਦਾ ਨਾਮ ਲੈਂਦੇ ਰਹਿੰਦੇ ਸਨ। ਉਹ ਆਪਣੇ ਸੰਗੀਆਂ-ਹਾਣੀਆਂ ਨੂੰ ਵੀ ਰੱਬ ਦਾ ਨਾਂ ਲੈਣ ਵਿਚ ਲਾਈ ਰੱਖਦੇ ਸਨ। ਉਨ੍ਹਾਂ ਦਾ ਦਿਲ ਬੜਾ ਤਰਸ ਭਰਿਆ ਸੀ। ਜਦ ਵੀ ਉਹ ਕਿਸੇ ਗਰੀਬ-ਗੁਰਬੇ ਜਾਂ ਨੰਗੇ-ਭੁੱਖੇ ਨੂੰ ਵੇਖਦੇ, ਤਾਂ ਉਸ ਨੂੰ ਕੁਝ ਨਾ ਕੁਝ ਜ਼ਰੂਰ ਦੇਂਦੇ।

**ਬਾਲ-** ਜੀ ! ਪੜ੍ਹਨੋਂ ਹਟ ਜਾਣ ਮਗਰੋਂ ਉਹ ਕੀ ਕੁਝ ਕਰਦੇ ਰਹੇ ?

**ਮਾਸਟਰ-** ਜਦ ਉਹ ਪੜ੍ਹਨੋਂ ਹਟ ਗਏ, ਤਾਂ ਬਾਬਾ ਕਾਲੂ ਜੀ ਨੇ ਉਨ੍ਹਾਂ ਨੂੰ ਮੱਝਾਂ ਚਾਰਨ ਦੇ ਕੰਮ ਉਤੇ ਲਾਇਆ। ਪਿਤਾ ਦੇ ਹੁਕਮ ਅਨੁਸਾਰ ਉਹ ਚੋਖਾ ਚਿਰ ਮੱਝਾਂ ਦੇ ਵਾਗੀ ਬਣੇ ਰਹੇ। ਪਸ਼ੂ ਜੰਗਲ ਵਿਚ ਹਰਿਆ-ਹਰਿਆ ਘਾਹ ਖਾਂਦੇ ਫਿਰਦੇ ਸਨ ਤੇ ਗੁਰੂ ਜੀ ਅੱਖਾਂ ਮੀਟੀ ਰੱਬ ਦਾ

Sri Satguru Jagjit Singh Ji eLibrary NamdhariElibrary@gmail.com

ਨਾਮ ਜਪਦੇ ਰਹਿੰਦੇ ਸਨ।

ਇਕ ਦਿਨ ਮੱਝਾਂ ਰੱਜ-ਪੁੱਜ ਕੇ ਰੁੱਖਾਂ ਹੇਠ ਬੈਠੀਆਂ ਉਗਾਲੀ ਕਰ ਰਹੀਆਂ ਸਨ। ਗੁਰੂ ਜੀ ਇਕ ਰੁੱਖ ਦੀ ਛਾਵੇਂ ਸੁੱਤੇ ਹੋਏ ਸਨ। ਸੂਰਜ ਢਲਣ ਨਾਲ ਰੁੱਖ ਦਾ ਪ੍ਰਛਾਵਾਂ ਫਿਰ ਗਿਆ। ਗੁਰੂ ਜੀ ਦੇ ਚਿਹਰੇ ਉੱਪਰ ਧੁੱਪ ਆ ਗਈ। ਲਾਗੋਂ ਇਕ ਖੁੱਡ ਵਿੱਚੋਂ ਇਕ ਵੱਡਾ ਸਾਰਾ ਫਨੀਅਰ ਸੱਪ ਨਿਕਲਿਆ। ਉਸ ਨੇ ਆਪਣਾ ਫਨ ਖਿਲਾਰ ਕੇ ਗੁਰੂ ਜੀ ਦੇ ਚਿਹਰੇ ਉੱਪਰ ਛਾਂ ਕਰ ਦਿੱਤੀ। ਤਲਵੰਡੀ ਦੇ ਮੁਸਲਮਾਨ ਮਾਲਕ ਰਾਇ ਬੁਲਾਰ ਨੇ ਇਹ ਅਨੋਖੀ ਗੱਲ ਤੱਕੀ, ਉਹ ਦੰਗ ਰਹਿ ਗਿਆ। ਉਹ ਗੁਰੂ ਜੀ ਨੂੰ ਰੱਬ ਦਾ ਰੂਪ ਮੰਨਣ ਲੱਗ ਪਿਆ।

**ਬਾਲ-** ਠੀਕ ਹੀ ਇਹ ਤਾਂ ਬੜੀਆਂ ਅਸਚਰਜ ਗੱਲਾਂ ਹਨ।

**ਮਾਸਟਰ-** ਹਾਂ ਭਾਈ! ਗੁਰੂ ਜੀ ਆਪ ਵੀ ਅਸਚਰਜ ਹੀ ਸਨ ਨਾ। ਆਖੋ : 'ਧੰਨ ਗੁਰੂ ਨਾਨਕ!'

**ਸਭ ਬਾਲ-** 'ਧੰਨ ਗੁਰੂ ਨਾਨਕ! ਧੰਨ ਗੁਰੂ ਨਾਨਕ!'

Sri Satguru Jagjit Singh Ji eLibrary NamdhariElibrary@gmail.com

# ਪ੍ਰਸ਼ਨ

੧) ਗੁਰੂ ਨਾਨਕ ਦੇਵ ਜੀ ਦਾ ਜਨਮ ਕਿਥੇ ਤੇ ਕਦੋਂ ਹੋਇਆ ? ਉਨ੍ਹਾਂ ਦਾ ਜਨਮ ਦਿਨ ਕਦੋਂ ਮਨਾਇਆ ਜਾਂਦਾ ਹੈ ?

੨) ਗੁਰੂ ਜੀ ਦੇ ਪਿਤਾ ਜੀ, ਮਾਤਾ ਜੀ ਅਤੇ ਭੈਣ ਜੀ ਦਾ ਨਾਂ ਦੱਸੋ?

੩) ਗੁਰੂ ਜੀ ਦੀ ਬਾਲ-ਲੀਲ੍ਹਾ ਤੋਂ ਕੀ ਭਾਵ ਹੈ ? ਉਨ੍ਹਾਂ ਦੀ ਬਾਲ-ਲੀਲ੍ਹਾ ਦਾ ਹਾਲ ਸੁਣਾਓ ?

੪) ਕਿਨ੍ਹਾਂ ਗੱਲਾਂ ਵਿਚ ਗੁਰੂ ਜੀ ਆਮ ਬਾਲਕਾਂ ਨਾਲੋਂ ਅੱਡਰੇ ਹਨ?

੫) ਰਾਇ ਬੁਲਾਰ ਕਿਸ ਕਰ ਕੇ ਗੁਰੂ ਜੀ ਨੂੰ ਰੱਬ ਦਾ ਰੂਪ ਮੰਨਣ ਲੱਗ ਪਿਆ ?

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੩. ਖਰਾ ਸੌਦਾ

ਜਦੋਂ ਗੁਰੂ ਜੀ ਪੰਦਰਾਂ-ਸੋਲ੍ਹਾਂ ਵਰ੍ਹਿਆਂ ਦੇ ਹੋ ਗਏ ਤਾਂ ਮਹਿਤਾ ਕਾਲੂ ਜੀ ਨੇ ਉਨ੍ਹਾਂ ਨੂੰ ਵਿਹਾਰ-ਵਪਾਰ ਵਿਚ ਲਾਉਣ ਦੀ ਸੋਚ ਕੀਤੀ। ਉਨ੍ਹਾਂ ਨੇ ਗੁਰੂ ਜੀ ਨੂੰ ਵੀਹ ਰੁਪੈ ਦੇ ਕੇ ਕਿਹਾ: 'ਪੁੱਤਰ ਜੀ ! ਜਾਓ ਕੋਈ ਖਰਾ, ਨਫੇਵੰਦਾ ਸੌਦਾ ਕਰ ਆਓ।'

ਬਾਬਾ ਕਾਲੂ ਜੀ ਦਾ ਮੰਤਵ ਇਹ ਸੀ ਕਿ ਗੁਰੂ ਜੀ ਕਿਸੇ ਦੂਜੇ ਨਗਰੋਂ ਕੁਝ ਚੀਜ਼-ਵਸਤੂ ਖਰੀਦ ਲੈਣਗੇ ਤੇ ਫੇਰ ਕਿਸੇ ਹੋਰ ਥਾਂ ਜਾ ਕੇ ਉਸ ਨੂੰ ਮਹਿੰਗੇ ਭਾਅ ਵੇਚ ਦੇਣਗੇ। ਇਸ ਤਰ੍ਹਾਂ ਕਈ ਵੇਰ ਕਰ ਕੇ ਉਹ ਆਪਣੀ ਇਸ ਵੀਹ ਰੁਪਏ ਦੀ ਰਾਸ ਨੂੰ ਵਧਾ ਕੇ ਬਹੁਤ ਸਾਰੀ ਕਰ ਲੈਣਗੇ।

ਪਿਤਾ ਜੀ ਦੇ ਹੁਕਮ ਅਨੁਸਾਰ ਗੁਰੂ ਜੀ ਭਾਈ ਬਾਲੇ ਦੇ ਨਾਲ ਘਰੋਂ ਤੁਰ ਪਏ। ਬਾਰਾਂ ਕੁ ਮੀਲ ਦਾ ਪੈਂਡਾ ਕਰਨ ਮਗਰੋਂ ਉਹ ਚੂਹੜਕਾਣੇ ਦੇ ਨੇੜੇ ਪੁੱਜੇ 'ਉਥੇ ਉਨ੍ਹਾਂ ਨੂੰ ਰੁੱਖਾਂ ਦੇ ਹੇਠ ਬੈਠੇ ਕੁਝ ਸਾਧੂ ਦਿੱਸੇ। ਗੁਰੂ ਜੀ ਸਾਧਾਂ-

ਸੰਤਾਂ ਦੇ ਪ੍ਰੇਮੀ ਤਾਂ ਮੁੱਢ ਤੋਂ ਹੀ ਸਨ। ਉਹ ਉਨ੍ਹਾਂ ਪਾਸ ਜਾ ਬੈਠੇ। ਪਤਾ ਲੱਗਾ ਕਿ ਉਹ ਰੱਬ ਦੇ ਬੰਦੇ ਚਹੁੰ ਦਿਨਾਂ ਦੇ ਭੁੱਖੇ ਹਨ। ਗੁਰੂ ਜੀ ਨੇ ਸੋਚਿਆ, 'ਅਜੇਹੇ ਭਲੇ ਪੁਰਸ਼ਾਂ ਦੀ ਭੁੱਖ ਦੂਰ ਕਰਨ ਨਾਲੋਂ ਹੋਰ ਕਿਹੜਾ ਸੌਦਾ ਵਧੇਰੇ ਖਰਾ ਹੋ ਸਕਦਾ ਹੈ ?' ਇਹ ਸੋਚ ਕੇ ਉਨ੍ਹਾਂ ਨੇ ਸਾਰੀ ਰਕਮ ਨਾਲ ਰਸਦ ਖਰੀਦ ਕੇ ਉਨ੍ਹਾਂ ਭੁੱਖਿਆਂ ਨੂੰ ਭੋਜਨ ਛਕਾਇਆ।

ਇਹ ਸੌਦਾ ਕਰ ਕੇ ਉਹ ਘਰ ਨੂੰ ਮੁੜੇ। ਜਦ ਪਿੰਡ ਦੇ ਪਾਸ ਪੁੱਜੇ ਤਾਂ ਉਨ੍ਹਾਂ ਨੂੰ ਖਿਆਲ ਆਇਆ, 'ਪਿਤਾ ਜੀ ਨੇ ਮੇਰੇ ਕੀਤੇ ਸੌਦੇ ਨੂੰ ਖਰਾ ਨਹੀਂ ਸਮਝਣਾ। ਉਹ ਤਾਂ ਕਹਿਣਗੇ ਕਿ ਰਕਮ ਰੁੜ੍ਹ ਗਈ ਹੈ। ਉਹ ਜ਼ਰੂਰ ਗੁੱਸੇ ਹੋਣਗੇ।

ਪਿੰਡੋਂ ਬਾਹਰ ਇਕ ਵੱਡਾ ਸਾਰਾ ਰੁੱਖ ਸੀ। ਉਸ ਦੇ ਡਾਹਣ ਝੁਕ ਕੇ ਭੁੰਜੇ ਲੱਗੇ ਹੋਏ ਸਨ। ਇਸ ਤਰ੍ਹਾਂ ਇਕ ਤੰਬੂ ਜਿਹਾ ਬਣ ਜਾਂਦਾ ਸੀ। ਗੁਰੂ ਜੀ ਉਸ ਦੇ ਹੇਠ ਬਹਿ ਗਏ, ਭਾਈ ਬਾਲਾ ਘਰ ਨੂੰ ਚਲਿਆ ਗਿਆ।

ਭਾਈ ਬਾਲੇ ਨੇ ਸਾਰੀ ਗੱਲ ਮਹਿਤਾ ਜੀ ਨੂੰ ਜਾ ਦੱਸੀ। ਉਹ ਗੁੱਸੇ ਨਾਲ ਲਾਲ-ਪੀਲੇ ਹੋ ਗਏ। ਉਨ੍ਹਾਂ ਨੇ ਜਾ ਕੇ ਗੁਰੂ ਜੀ ਨੂੰ ਰੁੱਖ ਹੇਠੋਂ ਕੱਢਿਆ ਅਤੇ ਲੱਗ ਪਏ ਚਪੇੜਾਂ ਮਾਰਨ। ਗੁਰੂ ਜੀ ਚੁੱਪ ਕੀਤੇ ਇਹ ਮਾਰ ਝੱਲੀ ਗਏ।

Sri Satguru Jagjit Singh Ji eLibrary NamdhariElibrary@gmail.com

ਇਸ ਤਰ੍ਹਾਂ ਉਨ੍ਹਾਂ ਨੇ ਜਗਤ ਨੂੰ ਵਿਖਾ ਦਿੱਤਾ ਕਿ ਰੱਬ ਦੇ ਨਾਮ ਉਤੇ ਲੋੜਵੰਦਾਂ ਦਾ ਭਲਾ ਕਰਨ ਵਾਲਿਆਂ ਨੂੰ ਦੁੱਖ ਝੱਲਣੇ ਪੈਂਦੇ ਹਨ, ਪਰ ਰੱਬ ਦੇ ਪਿਆਰੇ ਇਨ੍ਹਾਂ ਦੁੱਖਾਂ ਨੂੰ ਖਿੜੇ ਮੱਥੇ ਝੱਲਦੇ ਹਨ।

ਪਿਤਾ ਕਾਲੂ ਜੀ ਦੀ ਇਸ ਕ੍ਰੋਧ ਭਰੀ ਮਾਰ ਤੋਂ ਗੁਰੂ ਜੀ ਨੂੰ ਬੇਬੇ ਨਾਨਕੀ ਜੀ ਨੇ ਛੁਡਾਇਆ।

ਜਦ ਰਾਇ ਬੁਲਾਰ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ। ਉਸ ਨੇ ਮਹਿਤਾ ਕਾਲੂ ਨੂੰ ਕਿਹਾ-'ਮੁੜ ਕੇ ਇਸ ਰੱਬ ਦੇ ਰੂਪ ਨੂੰ ਨਹੀਂ ਮਾਰਨਾ ਤੇ ਨਾ ਤਾੜਨਾ। ਜੋ ਨੁਕਸਾਨ ਇਹ ਕਰੇ ਉਹ ਮੈਂ ਭਰ ਦਿਆਂ ਕਰਾਂਗਾ। ਮੈਂ ਇਹ ਵੀ ਜਤਨ ਕਰਾਂਗਾ ਕਿ ਇਸ ਰਬ ਦੇ ਪਿਆਰੇ ਨੂੰ ਕਿਤੇ ਹੋਰ ਥਾਂ ਭੇਜ ਦਿਆਂ ਤੇ ਕਿਸੇ ਕੰਮ ਉਤੇ ਲਵਾ ਦਿਆਂ।

## ਪ੍ਰਸ਼ਨ

੧) ਗੁਰੂ ਜੀ ਨੂੰ ਵੀਹ ਰੁਪਏ ਕਿਸ ਲਈ ਦਿੱਤੇ ਗਏ ?
ਉਨ੍ਹਾਂ ਨੇ ਉਹ ਕਿਵੇਂ ਖਰਚ ਕੀਤੇ ?

੨) ਖਰੇ ਸੌਦੇ ਦੀ ਸਾਖੀ ਲਿਖੋ, ਇਸ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੪. ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣਾ

ਮਹਿਤਾ ਕਾਲੂ ਜੀ ਚਾਹੁੰਦੇ ਸਨ ਕਿ ਸਾਡਾ ਪੁੱਤਰ ਖੱਟਣ ਕਮਾਉਣ ਲੱਗ ਪਵੇ। ਕੁਝ ਚਿਰ ਮਗਰੋਂ ਸਲਾਹ ਕਰ ਕੇ ਗੁਰੂ ਜੀ ਨੂੰ ਉਨ੍ਹਾਂ ਦੇ ਭਣਵਈਏ, ਦੀਵਾਨ ਜੈ ਰਾਮ ਜੀ ਨਾਲ ਸੁਲਤਾਨਪੁਰ ਭੇਜਿਆ ਗਿਆ। ਉਥੇ ਉਨ੍ਹਾਂ ਨੂੰ ਸੁਲਤਾਨਪੁਰ ਦੇ ਹਾਕਮ, ਨਵਾਬ ਦੌਲਤ ਖਾਂ ਲੋਧੀ ਦੇ ਮੋਦੀਖਾਨੇ ਦਾ ਮੋਦੀ ਲਵਾਇਆ ਗਿਆ।

ਬੱਚਿਓ ! ਤੁਸੀਂ ਪੁੱਛੋਗੇ ਕਿ ਮੋਦੀਖਾਨਾ ਕਿਸ ਨੂੰ ਕਹਿੰਦੇ ਹਨ ਤੇ ਮੋਦੀ ਕਿਸ ਨੂੰ ? ਲਓ ਸੁਣੋ– ਤੁਹਾਨੂੰ ਪਤਾ ਹੈ ਕਿ ਸਰਕਾਰ ਜ਼ਮੀਨ ਦੇ ਮਾਲਕਾਂ ਪਾਸੋਂ ਮਾਮਲਾ ਲਿਆ ਕਰਦੀ ਹੈ। ਅੱਜ ਕਲ੍ਹ ਮਾਮਲਾ ਨਕਦੀ ਦੇ ਰੂਪ ਵਿਚ ਤਾਰਨਾ ਪੈਂਦਾ ਹੈ, ਪਰ ਉਨ੍ਹੀਂ ਦਿਨੀਂ ਮਾਮਲਾ ਜਿਨਸਾਂ ਦੇ ਰੂਪ ਵਿਚ ਦਿੱਤਾ, ਲਿਆ ਜਾਂਦਾ ਸੀ। ਲੱਗੀ

Sri Satguru Jagjit Singh Ji eLibrary NamdhariElibrary@gmail.com

ਫਸਲ ਦਾ ਕੁਝ ਹਿੱਸਾ ਸਰਕਾਰ ਮਾਮਲੇ ਵਜੋਂ ਵਸੂਲ ਕਰਦੀ ਸੀ। ਇਹ ਜਿਨਸਾਂ ਜਿਸ ਥਾਂ ਰੱਖੀਆਂ ਜਾਂਦੀਆਂ ਸਨ, ਉਸ ਨੂੰ 'ਮੋਦੀਖਾਨਾ' ਆਖਦੇ ਸਨ। ਉਥੋਂ ਉਹ ਜਿਨਸਾਂ ਸਰਕਾਰੀ ਨੌਕਰਾਂ ਨੂੰ ਰਸਦ ਵਜੋਂ ਮਿਲਦੀਆਂ ਸਨ, ਨਾਲ ਹੀ ਉਹ ਆਮ ਲੋਕਾਂ ਪਾਸ ਵੇਚੀਆਂ ਵੀ ਜਾਂਦੀਆਂ ਸਨ ਅਤੇ ਵੱਟੀ ਹੋਈ ਰਕਮ ਸਰਕਾਰੀ ਖ਼ਜ਼ਾਨੇ ਵਿਚ ਜਮ੍ਹਾਂ ਕੀਤੀ ਜਾਂਦੀ ਸੀ। ਮੋਦੀ ਆਈ ਗਈ ਜਿਨਸ ਨੂੰ ਤੋਲ ਕੇ ਲੈਂਦਾ, ਦੇਂਦਾ ਸੀ ਤੇ ਉਸ ਦਾ ਪੂਰਾ-ਪੂਰਾ ਲੇਖਾ ਰੱਖਦਾ ਸੀ। ਇਸ ਕੰਮ ਬਦਲੇ ਉਸ ਨੂੰ ਕੁਝ ਨਕਦ ਤਨਖਾਹ ਤੇ ਕੁਝ ਰਸਦ ਮਿਲਦੀ ਸੀ।

ਗੁਰੂ ਨਾਨਕ ਦੇਵ ਜੀ ਨੇ ਮੋਦੀਖਾਨੇ ਦਾ ਕੰਮ ਬੜੇ ਚੰਗੇ ਢੰਗ ਨਾਲ ਚਲਾਇਆ। ਉਹ ਸਦਾ ਸੱਚ ਬੋਲਦੇ ਤੇ ਪੂਰਾ ਤੋਲਦੇ ਸਨ। ਉਹ ਕਿਸੇ ਦਾ ਹੱਕ ਨਹੀਂ ਸਨ ਮਾਰਦੇ। ਗਰੀਬਾਂ ਲੋੜਵੰਦਾਂ ਨੂੰ ਉਨ੍ਹਾਂ ਦੇ ਹੱਕ ਤੋਂ ਵੀ ਵੱਧ ਤੋਲ ਦਿਆ ਕਰਦੇ ਸਨ। ਇਸ ਤਰ੍ਹਾਂ ਕੀਤਿਆਂ ਜੋ ਘਾਟਾ ਪੈਂਦਾ ਸੀ, ਉਸ ਨੂੰ ਉਹ ਆਪਣੀ ਰਸਦ ਵਿਚੋਂ ਪੂਰਾ ਕਰ ਦਿਆ ਕਰਦੇ ਸਨ।

ਸਰਕਾਰੀ ਨੌਕਰ ਅਤੇ ਗਰੀਬ ਲੋਕ ਉਨ੍ਹਾਂ ਨਾਲ ਬੜਾ ਪਿਆਰ ਕਰਨ ਲੱਗ ਪਏ। ਪਰ ਕੁਝ ਭੈੜੇ ਬੰਦਿਆਂ

Sri Satguru Jagjit Singh Ji eLibrary NamdhariElibrary@gmail.com

ਨੇ ਨਵਾਬ ਪਾਸ ਜਾ ਚੁਗਲੀ ਕੀਤੀ ਕਿ ਮੋਦੀ ਤਾਂ ਮੋਦੀਖਾਨਾ ਲੁਟਾਈ ਜਾ ਰਿਹਾ ਹੈ। ਨਵਾਬ ਨੇ ਕਈ ਵੇਰ ਲੇਖਾ ਕੀਤਾ ਤੇ ਕਰਵਾਇਆ। ਇਕ ਵੇਰ ਉਸ ਨੇ ਗੁਰੂ ਜੀ ਨੂੰ ਕੈਦ ਵੀ ਕਰ ਦਿੱਤਾ, ਪਰ ਹਰ ਵੇਰ ਗੁਰੂ ਜੀ ਦਾ ਵਾਧਾ ਨਿਕਲਦਾ ਰਿਹਾ। ਨਵਾਬ ਦੀ ਤਸੱਲੀ ਹੋ ਜਾਂਦੀ ਤੇ ਚੁਗਲਖੋਰਾਂ ਨੂੰ ਸ਼ਰਮਿੰਦੇ ਹੋਣਾ ਪੈਂਦਾ।

ਗੁਰੂ ਜੀ ਹੱਥੀਂ ਕਾਰ ਕਰਦੇ ਸਨ ਅਤੇ ਮਨ ਵਿਚ ਰੱਬ ਨੂੰ ਯਾਦ ਰੱਖਦੇ ਸਨ। ਉਹ ਰੱਬ ਦਾ ਨਾਮ ਜਪਦੇ ਤੇ ਹੋਰਨਾਂ ਨੂੰ ਜਪਾਉਂਦੇ ਸਨ। ਉਹ ਆਪਣੀ ਹੱਕ ਦੀ ਕਮਾਈ ਵਿਚੋਂ ਗਰੀਬਾਂ ਲੋੜਵੰਦਾਂ ਨੂੰ ਅੰਨ ਕਪੜਾ ਵੀ ਦਿਆ ਕਰਦੇ ਸਨ। ਇਸ ਤਰ੍ਹਾਂ ਗੁਰੂ ਜੀ ਉਹ ਕੁਝ ਕਰਦੇ ਸਨ, ਜੋ ਕੁਝ ਕਰਨ ਦਾ ਉਨ੍ਹਾਂ ਨੇ ਜਗਤ ਨੂੰ ਉਪਦੇਸ਼ ਦੇਣਾ ਤੇ ਵੱਲ ਸਿਖਾਉਣਾ ਸੀ। ਉਹ ਆਪਣੇ ਧਰਮ ਦੇ ਤਿੰਨਾਂ ਵੱਡੇ ਅਸੂਲਾਂ ਨੂੰ ਕਮਾ ਕੇ ਵਿਖਾ ਰਹੇ ਸਨ। ਉਹ ਤਿੰਨ ਨੇਮ ਇਹ ਹਨ :

੧) ਕਿਰਤ ਕਰਨੀ।

੨) ਨਾਮ ਜਪਣਾ।

੩) ਵੰਡ ਕੇ ਛਕਣਾ।

# ਪ੍ਰਸ਼ਨ

੧) ਮੋਦੀਖਾਨਾ ਕਿਸ ਨੂੰ ਕਹਿੰਦੇ ਸਨ ? ਮੋਦੀ ਦਾ ਕੰਮ ਕੀ ਹੁੰਦਾ ਸੀ ?

੨) ਗੁਰੂ ਨਾਨਕ ਦੇਵ ਜੀ ਨੇ ਮੋਦੀਖਾਨੇ ਦਾ ਕੰਮ ਕਿਵੇਂ ਚਲਾਇਆ?

੩) ਮੋਦੀ ਦਾ ਕੰਮ ਕਰਨ ਸਮੇਂ ਗੁਰੂ ਜੀ ਨੇ ਸਿੱਖ ਧਰਮ ਦੇ ਕਿਨ੍ਹਾਂ ਅਸੂਲਾਂ ਦੀ ਪਾਲਣਾ ਕਰ ਕੇ ਵਿਖਾਈ ?

੪) ਚੁਗਲ-ਖੋਰਾਂ ਨੇ ਗੁਰੂ ਜੀ ਵਿਰੁੱਧ ਕੀ ਚੁਗਲੀ ਖਾਧੀ ? ਇਸ ਦਾ ਸਿੱਟਾ ਕੀ ਨਿਕਲਿਆ ?

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ੫. ਊਚ ਨੀਚ ਤੇ ਭਰਮ ਦਾ ਨਾਸ

ਬਾਰ੍ਹਾਂ ਤੇਰ੍ਹਾਂ ਵਰ੍ਹੇ ਗੁਰੂ ਜੀ ਸੁਲਤਾਨਪੁਰ ਵਿਚ ਮੋਦੀ ਬਣ ਕੇ ਧਰਮ ਦੀ ਕਿਰਤ ਕਰਦੇ, ਨਾਮ ਜਪਦੇ ਤੇ ਜਪਾਉਂਦੇ ਅਤੇ ਵੰਡ ਕੇ ਛਕਦੇ, ਛਕਾਉਂਦੇ ਰਹੇ। ਫੇਰ ਉਨ੍ਹਾਂ ਨੇ ਫੈਸਲਾ ਕੀਤਾ ਕਿ ਦੂਰ-ਦੁਰੇਡੀਂ ਥਾਈਂ ਪੁੱਜ ਕੇ ਲੋਕਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੱਤਾ ਜਾਵੇ, ਉਨ੍ਹਾਂ ਨੂੰ ਮੰਦੇ ਕੰਮਾਂ ਤੋਂ ਹਟਾ ਕੇ ਭਲੇ ਕੰਮੀਂ ਲਾਇਆ ਜਾਵੇ।

ਇਸ ਕਰ ਕੇ ਆਪ ਪ੍ਰਵਾਰ ਤੋਂ ਛੁੱਟੀ ਲੈ ਕੇ ਘਰੋਂ ਤੁਰ ਪਏ। ਫਿਰਦੇ-ਫਿਰਾਉਂਦੇ ਤੇ ਲੋਕਾਂ ਨੂੰ ਧਰਮ ਦੇ ਰਾਹ ਪਾਉਂਦੇ, ਗੁਰੂ ਜੀ ਐਮਨਾਬਾਦ ਪੁੱਜੇ। ਇਹ ਥਾਂ ਜ਼ਿਲ੍ਹਾ ਗੁਜਰਾਂ ਵਾਲਾ (ਪਾਕਿਸਤਾਨ) ਵਿਚ ਹੈ। ਉਥੇ ਉਹ ਭਾਈ ਲਾਲੋ ਦੇ ਘਰ ਠਹਿਰੇ, ਭਾਈ ਲਾਲੋ ਜ਼ਾਤ ਦਾ ਤਰਖਾਣ ਸੀ। ਉੱਚੀਆਂ ਜ਼ਾਤਾਂ ਵਾਲੇ, ਉਸ ਨੂੰ ਨੀਚ ਜ਼ਾਤ ਜਾਂ ਸ਼ੂਦਰ ਕਹਿੰਦੇ ਸਨ ਤੇ ਉਸ ਤੋਂ ਭਿੱਟ ਮਨਾਉਂਦੇ ਸਨ ਪਰ ਉਹ ਧਰਮ ਦੀ ਕਿਰਤ ਕਰਦਾ ਸੀ ਤੇ ਰੱਬ ਦਾ ਪਿਆਰਾ ਸੀ। ਗੁਰੂ ਜੀ ਜ਼ਾਤ ਦੇ ਖੱਤਰੀ ਸਨ, ਇਸ ਲਈ

ਉੱਚੀ ਜ਼ਾਤ ਦੇ ਸਨ ਪਰ ਉਨ੍ਹਾਂ ਵਿਚ ਜ਼ਾਤ ਦਾ ਹੰਕਾਰ ਨਹੀਂ ਸੀ। ਉਹ ਭਿੱਟ ਨਹੀਂ ਸਨ ਮਨਾਉਂਦੇ। ਉਹ ਧਰਮੀ ਬੰਦਿਆਂ ਨੂੰ ਉੱਚੇ-ਸੁੱਚੇ ਸਮਝਦੇ ਸਨ। ਇਸੇ ਕਰ ਕੇ ਹੀ ਉਹ ਭਾਈ ਲਾਲੋ ਦੇ ਘਰ ਜਾ ਠਹਿਰੇ ਸਨ ਅਤੇ ਉਸ ਦੇ ਘਰੋਂ ਖਾਂਦੇ-ਪੀਂਦੇ ਸਨ।

ਐਮਨਾਬਾਦ ਵਿਚ ਇਕ ਵੱਡਾ ਅਮੀਰ ਬੰਦਾ ਰਹਿੰਦਾ ਸੀ। ਉਸ ਦਾ ਨਾਮ ਮਲਕ ਭਾਗੋ ਸੀ, ਉਹ ਸਰਕਾਰੀ ਅਫਸਰ ਸੀ। ਉਹ ਲੋਕਾਂ ਨਾਲ ਧੱਕਾ ਕਰ ਕੇ ਧਨ ਇਕੱਠਾ ਕਰਦਾ ਸੀ। ਉਹ ਬੜਾ ਵੱਡੀ-ਖੋਰ, ਪਾਪੀ ਤੇ ਹੰਕਾਰੀ ਸੀ।

ਉਸ ਨੇ ਯੱਗ ਕੀਤਾ ਅਤੇ ਸਭ ਬ੍ਰਾਹਮਣਾਂ, ਸਾਧਾਂ, ਸੰਤਾਂ ਨੂੰ ਭੋਜਨ ਛਕਾਇਆ, ਉਸ ਨੇ ਗੁਰੂ ਜੀ ਨੂੰ ਵੀ ਸੱਦਿਆ ਪਰ ਗੁਰੂ ਜੀ ਨਾ ਗਏ।

ਮਲਕ ਭਾਗੋ ਨੂੰ ਬਹੁਤ ਗੁੱਸਾ ਚੜ੍ਹਿਆ। ਉਸ ਨੇ ਸਰਕਾਰੀ ਪਿਆਦਾ ਭੇਜ ਕੇ ਗੁਰੂ ਜੀ ਨੂੰ ਹਾਜ਼ਰ ਹੋਣ ਦਾ ਹੁਕਮ ਦਿੱਤਾ। ਗੁਰੂ ਜੀ ਉਸ ਦਾ ਹੰਕਾਰ ਤੋੜਨ ਲਈ ਚਲੇ ਗਏ।

ਮਲਕ ਭਾਗੋ ਨੇ ਪੁੱਛਿਆ– ਤੁਸੀਂ ਖੱਤ੍ਰੀ ਹੋ ਕੇ ਸ਼ੂਦਰ

ਦੇ ਘਰ ਰਹਿੰਦੇ ਹੋ। ਉਸ ਦੀ ਰੁੱਖੀ-ਸੁੱਖੀ ਰੋਟੀ ਖਾਂਦੇ ਹੋ, ਪਰ ਮੇਰੇ ਘਰ ਆਉਣੋਂ ਤੇ ਮੇਰੇ ਵਧੀਆ ਭੋਜਨ ਛਕਣੋਂ ਨਾਂਹ ਕਰਦੇ ਹੋ, ਇਹ ਕਿਉਂ ?

**ਗੁਰੂ ਜੀ**– ਮੈਂ ਦੱਸਦਾ ਹਾਂ, ਆਪਣੇ ਲੰਗਰ ਵਿੱਚੋਂ ਥੋੜ੍ਹਾ ਭੋਜਨ ਤਾਂ ਮੰਗਵਾ ਦੇਣਾ।

ਭੋਜਨ ਦਾ ਥਾਲ ਲੱਗਾ ਹੋਇਆ ਆ ਗਿਆ। ਗੁਰੂ ਜੀ ਨੇ ਉਸ ਵਿੱਚੋਂ ਇਕ ਪੂਰੀ ਆਪਣੀ ਸੱਜੀ ਮੁੱਠੀ ਵਿੱਚ ਫੜੀ। ਉਹ ਆਪਣੇ ਨਾਲ ਭਾਈ ਲਾਲੋ ਦੇ ਘਰ ਦੀ ਸੁੱਕੀ ਰੋਟੀ ਵੀ ਲਿਆਏ ਹੋਏ ਸਨ। ਇਸ ਰੋਟੀ ਦਾ ਟੁਕੜਾ ਉਨ੍ਹਾਂ ਨੇ ਖੱਬੀ ਮੁੱਠੀ ਵਿਚ ਫੜਿਆ। ਫਿਰ ਉਨ੍ਹਾਂ ਨੇ ਮਲਕ ਭਾਗੋ ਨੂੰ ਕਿਹਾ– ਭਾਈ ਲਾਲੋ ਧਰਮ ਦੀ ਕਿਰਤ ਕਰਦਾ ਹੈ। ਉਹ ਹੱਥੀਂ ਕਾਰ ਕਰ ਕੇ ਕਮਾਉਂਦਾ ਅਤੇ ਖਾਂਦਾ ਹੈ। ਉਹ ਆਏ ਗਏ ਦੀ ਸੇਵਾ ਕਰਦਾ ਹੈ। ਉਹ ਕਿਸੇ ਦਾ ਬੁਰਾ ਨਹੀਂ ਕਰਦਾ, ਕਿਸੇ ਨੂੰ ਦੁੱਖ ਨਹੀਂ ਦੇਂਦਾ। ਸਗੋਂ ਉਹ ਹਰ ਕਿਸੇ ਦਾ ਭਲਾ ਕਰਦਾ ਹੈ। ਉਸ ਦੀ ਸੁੱਕੀ ਰੋਟੀ ਦੁੱਧ ਨਾਲ ਭਰੀ ਹੋਈ ਹੈ। ਤੁਹਾਡੀ ਖੱਟੀ ਕਮਾਈ ਸਭ ਪਾਪ ਦੀ ਹੈ। ਤੁਸੀਂ ਲੋਕਾਂ ਨੂੰ ਦੁੱਖ ਦੇ ਕੇ ਧਨ ਇਕੱਠਾ ਕਰਦੇ ਹੋ। ਤੁਹਾਡੇ ਭੋਜਨ ਪਦਾਰਥ ਗਰੀਬਾਂ ਦੇ

ਲਹੂ ਨਾਲ ਭਰੇ ਹੋਏ ਹਨ।

**ਮਲਕ ਭਾਗੋ**– ਮੈਂ ਨਹੀਂ ਮੰਨਦਾ, ਤੁਹਾਡੀ ਇਹ ਗੱਲ।

**ਗੁਰੂ ਜੀ**- ਜੇ ਨਹੀਂ ਮੰਨਦੇ ਤਾਂ ਵੇਖੋ ਤਾਂ ਸਹੀ ਰੰਗ ਕਰਤਾਰ ਦੇ।

ਇਹ ਆਖ ਕੇ ਉਨ੍ਹਾਂ ਨੇ ਆਪਣੀਆਂ ਦੋਵੇਂ ਮੁੱਠਾਂ ਘੁੱਟੀਆਂ। ਮਲਕ ਭਾਗੋ ਦੀ ਪੂਰੀ ਵਿੱਚੋਂ ਲਹੂ ਦੇ ਤੁਪਕੇ ਚੋਣ ਲੱਗ ਪਏ। ਭਾਈ ਲਾਲੋ ਦੀ ਰੋਟੀ ਵਿੱਚੋਂ ਦੁੱਧ ਨਿਕਲ ਤੁਰਿਆ। ਮਲਕ ਭਾਗੋ ਹੈਰਾਨ ਹੋ ਗਿਆ। ਪਾਸ ਖੜ੍ਹੋਤੇ ਵੀ ਸਭੇ ਦੰਗ ਰਹਿ ਗਏ।

ਫੇਰ ਗੁਰੂ ਜੀ ਬੋਲੇ- ਵੇਖ ਲਿਆ ਜੇ ? ਬਾਕੀ ਰਹੀ ਜ਼ਾਤ ਦੀ ਗੱਲ। ਸਭੇ ਮਨੁੱਖ ਇਕੋ ਰੱਬ ਦੇ ਜਾਏ ਹਨ। ਉਹ ਸਭ ਭਰਾ-ਭਰਾ ਹਨ। ਕਿਸੇ ਖਾਸ ਘਰਾਣੇ ਜਾਂ ਟੱਬਰ ਵਿਚ ਜੰਮਣ ਨਾਲ ਉੱਚੀ ਜਾਂ ਨੀਵੀ ਜ਼ਾਤ ਵਾਲੇ ਨਹੀਂ ਬਣ ਜਾਈਦਾ। ਨੀਵੀਂ ਜਾਂ ਨੀਚ ਜ਼ਾਤ ਉਸ ਦੀ ਹੈ, ਜੋ ਨੀਵੇਂ ਤੇ ਮੰਦੇ ਕੰਮ ਕਰਦਾ ਹੈ। ਉੱਚੀ ਜ਼ਾਤ ਉਸ ਦੀ ਹੈ, ਜੋ ਉੱਚੇ-ਸੁੱਚੇ ਤੇ ਭਲੇ ਕੰਮ ਕਰਦਾ ਹੈ। ਭਾਈ ਲਾਲੋ ਭਲੇ ਕੰਮ ਕਰਦਾ ਹੈ, ਉਹ ਰੱਬ ਦਾ ਨਾਮ ਲੈਂਦਾ ਹੈ। ਉਹ

ਨੀਚ ਨਹੀਂ, ਉਹ ਉੱਚਾ ਹੈ ।

ਗੁਰੂ ਜੀ ਦੇ ਬਚਨ ਸੁਣ ਕੇ ਮਲਕ ਭਾਗੋ ਦਾ ਹੰਕਾਰ ਦੂਰ ਹੋ ਗਿਆ । ਉਹ ਗੁਰੂ ਜੀ ਦੀ ਚਰਨੀਂ ਢਹਿ ਪਿਆ ਤੇ ਕਹਿਣ ਲੱਗਾ– 'ਮੈਂ ਭੁੱਲਾ ! ਮੇਰੇ ਪਿਛਲੇ ਔਗੁਣ ਬਖ਼ਸ਼ੋ ! ਮੈਂ ਅੱਗੇ ਨੂੰ ਕਿਸੇ ਨਾਲ ਧੱਕਾ ਜ਼ੁਲਮ ਨਹੀਂ ਕਰਾਂਗਾ । ਮੈਂ ਛੂਤ-ਛਾਤ, ਊਚ-ਨੀਚ ਤੇ ਵੱਡੇ-ਨਿੱਕੇ ਦੇ ਭਰਮਾਂ ਵਿਚ ਨਹੀਂ ਪਵਾਂਗਾ। ਮੈਂ ਆਪ ਦੇ ਹੁਕਮ ਅਨੁਸਾਰ ਧਰਮ ਦੀ ਕਿਰਤ ਕਰਾਂਗਾ, ਨਾਮ ਜਪਾਂਗਾ ਤੇ ਵੰਡ ਕੇ ਛਕਾਂਗਾ ।'

ਗੁਰੂ ਜੀ ਪ੍ਰਸੰਨ ਹੋ ਗਏ । ਮਲਕ ਭਾਗੋ ਨੂੰ ਧਰਮ ਦੇ ਰਾਹੇ ਪਾ ਕੇ ਉਹ ਅਗਾਂਹ ਤੁਰ ਪਏ ।

## ਪ੍ਰਸ਼ਨ

੧) ਗੁਰੂ ਨਾਨਕ ਦੇਵ ਜੀ ਪ੍ਰਵਾਰ ਨੂੰ ਛੱਡ ਕੇ ਕਿਉਂ ਨਿਕਲ ਤੁਰੇ ?

੨) ਗੁਰੂ ਜੀ ਭਾਈ ਲਾਲੋ ਨੂੰ ਚੰਗਾ ਤੇ ਮਲਕ ਭਾਗੋ ਨੂੰ ਮੰਦਾ ਕਿਉਂ ਗਿਣਦੇ ਸਨ ?

੩) ਗੁਰੂ ਜੀ ਨੇ ਮਲਕ ਭਾਗੋ ਦਾ ਊਚ-ਨੀਚ ਦੇ ਭਰਮ ਦਾ ਨਾਸ ਕਿਸ ਤਰ੍ਹਾਂ ਕੀਤਾ ?

੪) ਇਸ ਸਾਖੀ ਤੋਂ ਸਾਨੂੰ ਕੀ ਸਿੱਖਿਆ ਮਿਲਦੀ ਹੈ ?

## ਗੁਰਬਾਣੀ

# ਜਪੁ ਜੀ ਸਾਹਿਬ

(ਪਹਿਲੀਆਂ ਪੰਜ ਪਉੜੀਆਂ ਕੰਠ ਕਰੋ)

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

॥ ਜਪੁ ॥

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥੧॥

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥
ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ ॥
ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥
ਸਹਸ ਸਿਆਣਪਾ ਲਖ ਹੋਹਿ ਤ ਇਕ ਨ ਚਲੈ ਨਾਲਿ ॥
ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥੧॥

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ॥
ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥੨॥

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ ॥
ਗਾਵੈ ਕੋ ਦਾਤਿ ਜਾਣੈ ਨੀਸਾਣੁ ॥

ਗਾਵੈ ਕੋ ਗੁਣ ਵਡਿਆਈਆ ਚਾਰ ॥
ਗਾਵੈ ਕੋ ਵਿਦਿਆ ਵਿਖਮੁ ਵੀਚਾਰੁ ॥
ਗਾਵੈ ਕੋ ਸਾਜਿ ਕਰੇ ਤਨੁ ਖੇਹ ॥
ਗਾਵੈ ਕੋ ਜੀਅ ਲੈ ਫਿਰਿ ਦੇਹ ॥
ਗਾਵੈ ਕੋ ਜਾਪੈ ਦਿਸੈ ਦੂਰਿ ॥
ਗਾਵੈ ਕੋ ਵੇਖੈ ਹਾਦਰਾ ਹਦੂਰਿ ॥
ਕਥਨਾ ਕਥੀ ਨ ਆਵੈ ਤੋਟਿ ॥
ਕਥਿ ਕਥਿ ਕਥੀ ਕੋਟੀ ਕੋਟਿ ਕੋਟਿ ॥
ਦੇਦਾ ਦੇ ਲੈਦੇ ਥਕਿ ਪਾਹਿ ॥
ਜੁਗਾ ਜੁਗੰਤਰਿ ਖਾਹੀ ਖਾਹਿ ॥
ਹੁਕਮੀ ਹੁਕਮੁ ਚਲਾਏ ਰਾਹੁ ॥ ਨਾਨਕ ਵਿਗਸੈ ਵੇਪਰਵਾਹੁ ॥੩॥
ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ॥
ਆਖਹਿ ਮੰਗਹਿ ਦੇਹਿ ਦੇਹਿ ਦਾਤਿ ਕਰੇ ਦਾਤਾਰੁ ॥
ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥
ਮੁਹੌ ਕਿ ਬੋਲਣੁ ਬੋਲੀਐ ਜਿਤੁ ਸੁਣਿ ਧਰੇ ਪਿਆਰੁ ॥
ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ ॥
ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ ॥੪॥
ਥਾਪਿਆ ਨ ਜਾਇ ਕੀਤਾ ਨ ਹੋਇ ॥
ਆਪੇ ਆਪਿ ਨਿਰੰਜਨੁ ਸੋਇ ॥
ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥
ਨਾਨਕ ਗਾਵੀਐ ਗੁਣੀ ਨਿਧਾਨੁ ॥
ਗਾਵੀਐ ਸੁਣੀਐ ਮਨਿ ਰਖੀਐ ਭਾਉ ॥
ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥
Sri Satguru Jagjit Singh Ji eLibrary NamdhariElibrary@gmail.com

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥
ਜੇ ਹਉ ਜਾਣਾ ਆਖਾ ਨਾਹੀ ॥
ਕਹਣਾ ਕਥਨੁ ਨ ਜਾਈ ॥ ਗੁਰਾ ਇਕ ਦੇਹਿ ਬੁਝਾਈ ॥
ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥

## ਸ਼ਬਦ ਕੰਠ ਕਰੋ

(੧)

[੧੪੯] (ਵਾਰ ਮਾਝ) ਪਉੜੀ ॥

ਸਤਿਗੁਰੁ ਹੋਇ ਦਇਆਲੁ ਤ ਸਰਧਾ ਪੂਰੀਐ ॥
ਸਤਿਗੁਰੁ ਹੋਇ ਦਇਆਲੁ ਨ ਕਬਹੂੰ ਝੂਰੀਐ ॥
ਸਤਿਗੁਰੁ ਹੋਇ ਦਇਆਲੁ ਤਾ ਦੁਖੁ ਨ ਜਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਹਰਿ ਰੰਗੁ ਮਾਣੀਐ ॥
ਸਤਿਗੁਰੁ ਹੋਇ ਦਇਆਲੁ ਤਾ ਜਮ ਕਾ ਡਰੁ ਕੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਸਦ ਹੀ ਸੁਖੁ ਦੇਹਾ ॥
ਸਤਿਗੁਰੁ ਹੋਇ ਦਇਆਲੁ ਤਾ ਨਵ ਨਿਧਿ ਪਾਈਐ ॥
ਸਤਿਗੁਰੁ ਹੋਇ ਦਇਆਲੁ ਤ ਸਚਿ ਸਮਾਈਐ ॥੨੫॥

(੨)

[੭੨੦] ਰਾਗੁ ਬੈਰਾੜੀ ਮਹਲਾ ੫ ॥

ਸੰਤ ਜਨਾ ਮਿਲਿ ਹਰਿ ਜਸੁ ਗਾਇਓ ॥
ਕੋਟਿ ਜਨਮ ਕੇ ਦੂਖ ਗਵਾਇਓ ॥੧॥ਰਹਾਉ॥
ਜੋ ਚਾਹਤ ਸੋਈ ਮਨਿ ਪਾਇਓ ॥
ਕਰਿ ਕਿਰਪਾ ਹਰਿ ਨਾਮੁ ਦਿਵਾਇਓ ॥੧॥
ਸਰਬ ਸੂਖ ਹਰਿ ਨਾਮਿ ਵਡਾਈ ॥
ਗੁਰ ਪ੍ਰਸਾਦਿ ਨਾਨਕ ਮਤਿ ਪਾਈ ॥੨॥

* * *